# ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਨੇ ਢਾਡੀਆਂ ਕਵੀਸ਼ਰਾਂ ਨੂੰ ਵੰਡਿਆ ਰਾਸ਼ਨ

ਬਾਘਾ ਪੁਰਾਣਾ/ ਰਾਜਿੰਦਰ ਸਿੰਘ ਕੋਟਲਾ



ਮੌਜੂਦਾ ਸਮੇਂ ਵਿੱਚ ਕਰਫ਼ਿਊ ਦੌਰਾਨ ਭਾਵੇਂ ਹਰੇਕ ਖੇਤਰ ਵਿੱਚ ਕੰਮ ਕਰਨ ਵਾਲਿਆਂ ਤੇ ਆਰਥਿਕ ਮੰਦਹਾਲੀ ਦੀ ਮਾਰ ਨਜ਼ਰ ਆ ਰਹੀ ਹੈ। ਐਪਰ ਸੰਗਤਾਂ ਦੇ ਇਕੱਠ ਤੇ ਨਿਰਭਰ ਗੁਰੂ ਜਸ ਕਰਨ ਵਾਲੇ ਰਾਗੀ ਢਾਡੀ ਕਵੀਸ਼ਰ ਪਾਠੀ ਸਿੰਘਾਂ ਨੂੰ ਬੜੀ ਮੁਸ਼ਕਿਲ ਨੇ ਆਣ ਘੇਰਿਆ ਹੈ। ਇਹਨਾਂ ਵੱਲ ਸਰਕਾਰਾਂ ਨੇ ਤਾਂ ਕੀ ਵੇਖਣਾ ਸਿੱਖ ਕੌਮ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧਿਆਨ ਵੀ ਏਸ ਪਾਸੇ ਨਾਂਮਾਤਰ ਹੀ ਗਿਆ। ਏਸੇ ਸਬੰਧੀ ਪਿਛਲੇ ਦਿਨੀ ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਮੁਖੀ ਢਾਢੀ ਸਾਧੂ ਸਿੰਘ ਧੰਮੂ ਧੂੜਕੋਟ ਵਾਲੇ ਅਤੇ ਮਾਲਵਾ ਕਵੀਸ਼ਰ ਢਾਡੀ ਸਹਿਤ ਸਭਾ ਦੇ ਕਾਰਜਕਾਰੀ ਪ੍ਰਧਾਨ ਢਾਢੀ ਜਸਵਿੰਦਰ ਸਿੰਘ ਬਾਗੀ ਨੇ ਸਾਂਝੇ ਰੂਪ ਵਿੱਚ ਬਿਆਨ ਦੇ ਕੇ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੂੰ ਇਹਨਾਂ ਕੌਮ ਦੇ ਲੋੜਵੰਦ ਪ੍ਰਚਾਰਕਾਂ ਦੀ ਬਾਂਹ ਫੜਨ ਦੀ ਬੇਨਤੀ ਕੀਤੀ ਸੀ।

ਏਸ ਖਬਰ ਦਾ ਅਸਰ ਅੱਜ ਉਦੋਂ ਵੇਖਣ ਨੂੰ ਮਿਲਿਆ ਜਦੋਂ ਗੁਰਦੁਆਰਾ ਨਾਨਕ ਦਰਬਾਰ ਠਾਠ ਨਾਨਕਸਰ ਨਵੇਂ ਮੰਡੀਰਾਂ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਨੇ ਮਾਲਵੇ ਦੇ ਧਾਰਮਿਕ ਅਸਥਾਨਾਂ 'ਚੋ ਪਹਿਲਕਦਮੀ ਕਰਦਿਆਂ 15 ਢਾਡੀ ਕਵੀਸ਼ਰਾਂ ਨੂੰ ਰੋਜ਼ ਲੋੜੀਦਾ ਘਰ ਵਰਤੋਂ ਦਾ ਰਾਸ਼ਨ ਵੰਡਿਆ। ਏਸ ਮੌਕੇ ਬਾਬਾ ਬਲਦੇਵ ਸਿੰਘ ਜੀ ਨੇ ਕਿਹਾ ਕਿ ਢਾਢੀ ਕਵੀਸ਼ਰ ਹਮੇਸ਼ਾ ਗੁਰੂ ਨਾਨਕ ਦੇ ਘਰ ਦਾ ਪ੍ਰਚਾਰ ਕਰਦੇ ਹਨ। ਏਸ ਆਊਖੀ ਘੜੀ ਵਿੱਚ ਇਹਨਾਂ ਦਾ ਸਹਿਯੋਗ ਕਰਨਾ ਧਾਰਮਿਕ ਆਗੂਆਂ ਦਾ ਇਖਲਾਕੀ ਫਰਜ਼ ਹੈ।

ਸੇਵਾਦਾਰ ਭਾਈ ਹਰਪ੍ਰੀਤ ਸਿੰਘ ਚੜਿੱਕ ਵਾਲਿਆਂ ਨੇ ਕਿਹਾ ਅਸੀਂ ਜੋ ਵੀ ਏਹੇ ਸੇਵਾ ਨਿਭਾ ਰਹੇ ਹਾਂ ਇਸ ਵਿੱਚ ਸਾਡਾ ਤਾਂ ਇੱਕ ਬਹਾਨਾ ਹੈ ਇਹ ਤਾਂ ਗੁਰੂ ਨਾਨਕ ਦੇ ਖਜ਼ਾਨੇ ਦੀ ਮਾਇਆ ਹੈ ਜੋ ਐਨ ਆਰ ਆਈ ਵੀਰਾਂ ਅਤੇ ਗੁਰੂ ਕੀਆਂ ਸੰਗਤਾਂ ਦਾ ਭੇਜਿਆ ਹੋਇਆ ਦਸਵੰਧ ਹੈ। ਢਾਢੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਮੁਖੀ ਢਾਢੀ ਸਾਧੂ ਸਿੰਘ ਧੰਮੂ ਧੂੜਕੋਟ ਵਾਲੇ ਅਤੇ ਮਾਲਵਾ ਕਵੀਸ਼ਰ ਢਾਡੀ ਸਹਿਤ ਸਭਾ ਦੇ ਚੇਅਰਮੈਨ ਕਵੀਸ਼ਰ ਰੋਸ਼ਨ ਸਿੰਘ ਰੋਸ਼ਨ ਬੱਧਨੀ ਕਲਾਂ ਵਾਲਿਆਂ ਨੇ ਸਾਂਝੇ ਰੂਪ ਵਿੱਚ ਬਾਬਾ ਜੀ ਦਾ ਧੰਨਵਾਦ ਕੀਤਾ।

ਇਸ ਮੌਕੇ ਢਾਢੀਆਂ ਕਵੀਸ਼ਰਾਂ ਤੋਂ ਇਲਾਵਾ 'ਮਹਿਕ ਵਤਨ ਦੀ ਲਾਈਵ' ਮੀਡੀਆ ਗਰੁੱਪ ਦੇ ਚੀਫ ਐਡੀਟਰ ਜਨਰਲਿਸਟ ਭਵਨਦੀਪ ਸਿੰਘ ਪੁਰਬਾ ਵੀ ਮੁੱਖ ਤੌਰ ਤੇ ਹਾਜਰ ਹੋਏ। ਉਨ੍ਹਾ ਦੇ ਨਾਲ ਪੱਤਰਕਾਰ ਮਨਮੋਹਨ ਚੀਮਾ, ਏਸ ਅਸਥਾਨ ਦੇ ਗ੍ਰੰਥੀ ਸੱਤਾ ਸਿੰਘ ਅਤੇ ਸੇਵਾਦਾਰ ਵੀ ਹਾਜ਼ਰ ਸਨ।

# ਨੈਸਲੇ ਮੋਗਾ ਵੱਲੋ ਕੋਵਿਡ ਮਹਾਂਮਾਰੀ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੂੰ 5010 ਯੂਨਿਟ ਕੋਲਡ ਕਾਫੀ ਅਤੇ 5040 ਯੂਨਿਟ ਕਿੱਟ ਕੈਟ ਚਾਕਲੇਟ ਕੀਤੇ ਭੇਟ




ਮੋਗਾ/ ਭਵਨਦੀਪ ਸਿੰਘ ਪੁਰਬਾ

ਨੈਸਲੇ ਮੋਗਾ ਵੱਲੋ ਕੋਵਿਡ ਮਹਾਂਮਾਰੀ ਦੌਰਾਨ ਜ਼ਿਲ੍ਹਾ ਪ੍ਰਸ਼ਾਸ਼ਨ ਦੀ ਮੱਦਦ ਕਰਦਿਆਂ ਅੱਜ ਕੋਲਡ ਕੌਫੀ ਅਤੇ ਕਿੱਟ ਕੈਟ ਚਾਕਲੇਟ ਦੇ ਪੈਕਿਟ ਭੇਟ ਕੀਤੇ ਗਏ।

ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਨੈਸਲੇ ਕੰਪਨੀ ਦੇ ਆਏ ਅਹੁਦੇਦਾਰਾਂ ਦੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿੱਚ ਹਰ ਕਿਸਮ ਦਾ ਦਾਨ ਅਤੀ ਸਹਾਈ ਹੈ। ਉਨ੍ਹਾਂ ਦੱਸਿਆ ਕਿ ਨੈਸਲੇ ਵੱਲੋ ਅੱਜ 5010 ਯੂਨਿਟ ਕੋਲਡ ਕਾਫੀ ਦੇ ਅਤੇ 5040 ਯੂਨਿਟ ਕਿੱਟ ਕੈਟ ਚਾਕਲੇਟ ਦੇ ਦਿੱਤੇ ਗਏ ਹਨ।

ਉਨ੍ਹਾਂ ਮੌਕੇ ਤੇ ਆਏ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਕੰਪਨੀ ਵਿੱਚ ਕੰਮ ਕਰਨ ਵਾਲੇ ਲੋਕਾਂ ਵਿੱਚ ਸਮਾਜਿਕ ਦੂਰੀ ਬਣਾ ਕੇ ਰੱਖਣੀ ਯਕੀਨੀ ਬਣਾਉਣ ਨਾਲ ਹੀ ਕਾਮਿਆਂ ਨੂੰ ਮਾਸਕ, ਦਸਤਾਨੇ ਅਤੇ ਸੇਨੇਟਾਈਜ਼ਰ ਮੁਹੱਈਆ ਕਰਵਾਏ ਜਾਣ।

ਇਸ ਮੌਕੇ ਉਪ ਮੰਡਲ ਮੈਜਿਸਟੇਟ ਮੋਗਾ ਸ੍ਰੀ ਸੰਤਵੰਤ ਸਿੰਘ, ਉਪ ਮੰਡਲ ਮੈਜਿਸਟ੍ਰੇਟ ਧਰਮਕੋਟ ਸ੍ਰੀ ਨਰਿੰਦਰ ਸਿੰਘ ਧਾਲੀਵਾਲ, ਫੈਕਟਰੀ ਮੈਨੇਜਰ ਨੇਸਲੇ ਕੰਪਨੀ ਤੋ ਸ੍ਰੀ ਸਟੈਨਲੀ ਓਮੇਨ, ਸ੍ਰ ਜਸਪਾਲ ਸਿੱਧੂ, ਸ੍ਰੀ ਹਰਵਿੰਦਰ ਸਿੰਘ ਅਤੇ ਸ੍ਰੀ ਜੀਨੇ ਸ਼ਾਹ ਮੌਜੂਦ ਸਨ।

# ਕਮੇਟੀ ਬਦਲਣ ਦੀ ਸ਼ਰਤ ਤੇ ਕੁੱਝ ਦਿਨਾਂ ਲਈ ਰੁਕਿਆ ਪਿੰਡ ਭਲੂਰ (ਮੋਗਾ) ਦੇ ਗੁਰਦੁਆਰਾ ਸਾਹਿਬ ਦਾ ਵਿਵਾਦ

## ਮਾਮਲਾ ਪਿੰਡ ਭਲੂਰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦੀ ਤਨਖਾਹ ਕੱਟੇ ਜਾਣ ਦਾ

ਸਮਾਲਸਰ/ ਮਹਿੰਦਰ ਸਿੰਘ ਮਿਹਨਤੀ



ਨੇੜਲੇ ਪਿੰਡ ਭਲੂਰ ਦੇ ਗੁਰਦੁਆਰਾ ਨਾਨਕਸਰ ਸਰੋਵਰ ਸਾਹਿਬ ਦੇ ਗ੍ਰੰਥੀ ਸਿੰਘ ਦੀ ਤਨਖਾਹ ਵਿੱਚੋਂ ਇੱਕ ਹਜ਼ਾਰ ਰੁਪਏ ਪ੍ਰਬੰਧਕ ਕਮੇਟੀ ਵੱਲੋਂ ਕੱਟੇ ਜਾਣ ਦੀ ਫੇਸਬੁੱਕ ਤੇ ਵਾਇਰਲ ਹੋਈ ਪੋਸਟ ਤੋਂ ਬਾਅਦ ਇਹ ਮਾਮਲਾ ਵਿਵਾਦ ਦਾ ਰੂਪ ਧਾਰਨ ਕਰ ਗਿਆ ਸੀ।

ਜਿਸ ਦੀਆਂ ਖਬਰਾਂ ਅਖ਼ਬਾਰ ਵਿਚ ਛਪੀਆਂ ਅਤੇ 'ਮਹਿਕ ਵਤਨ ਦੀ ਲਾਈਵ' ਯੂ-ਟਿਊਬ ਚੈਨਲ ਤੇ ਏਸ ਸਬੰਧੀ ਵੀਡੀਓ ਵੇਖਣ ਨੂੰ ਮਿਲੀਆਂ। ਆਖਰ ਨਗਰ ਪੰਚਾਇਤ ਅਤੇ ਪੁਲਿਸ ਥਾਣੇ ਚੋਂ ਹੁੰਦਾ ਹੋਇਆ ਇਹ ਮਾਮਲਾ ਲੋਕ ਇੰਨਸਾਫ ਪਾਰਟੀ ਦੇ ਸਰਪ੍ਰਸਤ ਸ. ਬਲਵਿੰ-ਦਰ ਸਿੰਘ ਬੈਂਸ ਤੱਕ ਪਹੁੰਚ ਗਿਆ। ਉਹਨਾਂ ਵੱਲੋਂ ਏਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਦੀ ਡਿਊਟੀ ਲਗਾਈ ਗਈ।

ਉਨ੍ਹਾਂ ਨੇ ਪਿੰਡ ਭਲੂਰ ਵਿਖੇ ਪਹੁੰਚ ਕੇ ਦੋਹਾਂ ਧਿਰਾਂ ਨੂੰ ਇਕੱਠੇ ਕਰਕੇ ਗੱਲਬਾਤ ਕੀਤੀ ਅਤੇ ਅਖੀਰ ਪ੍ਰਬੰਧ ਕਮੇਟੀ ਤੇ ਪਿੰਡ ਦੇ ਭਲੇ ਪੁਰਸ਼ਾਂ ਦੇ ਸਹਿਯੋਗ ਨਾਲ ਆਉਣ ਵਾਲੀ ਪੂਰਨਮਾਸ਼ੀ ਤੱਕ ਨਵੀ ਕਮੇਟੀ ਦੀ ਚੋਣ ਕੀਤੀ ਜਾਣ ਦੀ ਸ਼ਰਤ ਨਾਲ ਏਸ ਵਧਦੇ ਵਿਵਾਦ ਨੂੰ ਕੁੱਝ ਦਿਨਾਂ ਤੱਕ ਬਰੇਕਾਂ ਲਾ ਦਿੱਤੀਆਂ। ਏਸ ਮੌਕੇ ਪ੍ਰਬੰਧਕ ਕਮੇਟੀ 'ਚੋ ਬਲਵਿੰਦਰ ਸਿੰਘ, ਹਰਜੀਤ ਸਿੰਘ, ਮਨਜੀਤ ਸਿੰਘ, ਜਗਰੂਪ ਸਿੰਘ, ਸਾਹਿਤਕਾਰ ਬਲੌਰ ਸਿੰਘ ਬਾਜ, ਪ੍ਰਸਿੱਧ ਢਾਢੀ ਸਾਧੂ ਸਿੰਘ ਧੰਮੂ ਧੂੜਕੋਟ ਵਾਲੇ ਵੀ ਹਾਜ਼ਰ ਸਨ।

# Tik Tok ਸਟਾਰ ਨੂੰਰ ਭਿੰਡਰ ਕਲਾ ਦੇ ਨਵੇਂ ਘਰ ਦਾ ਰੱਖਿਆ ਨੀਹ ਪੱਥਰ

## ਐਸ ਐਸ ਪੀ ਮੋਗਾ ਨੇ ਕਰਤਾ ਵੱਡਾ ਐਲਾਨ ! ਨੰਨੀ ਨੂੰਰ ਦੇ ਪਿਤਾ ਨੂੰ ਪੰਜਾਬ ਪੁਲਿਸ ਵਿੱਚ ਯੋਗ ਅਹੁੱਦੇ ਤੇ ਦਿੱਤੀ ਜਾਵੇਗੀ ਨੋਕਰੀ

ਮੋਗਾ/ ਸਰਬਜੀਤ ਰੌਲੀ



ਸਿਆਣੇ ਦੀ ਕਹਾਵਤ ਹੈ ਕਿ ਜਦੋਂ ਕਿਸੇ ਨੂੰ ਪ੍ਰਮਾਤਮਾ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ ਉਸ ਨੇ ਕਦੇ ਸੋਚਿਆ ਵੀ ਨਹੀਂ ਹੁੰਦਾ ਕਿ ਉਹ ਚੀਜ਼ ਜੋ ਇਨਸਾਨ ਤੋਂ ਸਾਰੀ ਜਿੰਦਗੀ ਵਿੱਚ ਨਹੀਂ ਬਣਾ ਸਕਿਆ ਹੋਵੇ ਤੇ ਪ੍ਰਮਾਤਮਾ ਕੁੱਝ ਹੀ ਪਲਾਂ ਵਿੱਚ ਬਣਾ ਦਿੰਦਾ ਹੈ। ਤੇ ਅਜਿਹਾ ਹੀ ਵਾਪਰਿਆ Tik Tok ਸਟਾਰ ਨੂੰਰ ਦੇ ਨਾਲ ਜਦੋਂ ਇਸ ਨੰਨ੍ਹੀ ਮੁੰਨੀ ਬੱਚੀ ਨੇ ਇੱਕ ਵੀਡੀਓ ਟੈੱਕ ਟਾਕ ਤੇ ਵਾਇਰਲ ਕੀਤੀ ਤਾਂ ਇਹ ਵੀਡੀਓ ਇਨੇ ਲੋਕਾਂ ਨੇ ਦੇਖ ਕੇ ਨੂਰ ਰਾਤੋਂ ਰਾਤ ਟੈੱਕ ਟੈੱਕ ਸਟਾਰ ਬਣ ਕੇ ਬਣ ਗਈ।

ਇੱਥੇ ਹੀ ਬੱਸ ਨਹੀ ਕਿ ਇੱਕ ਮਿਲੀਅਨ ਤੋਂ ਉੱਪਰ ਲੋਕਾਂ ਨੇ ਨੂਰ ਨੂੰ ਪਸੰਦ ਕੀਤਾ। ਨੂਰਪ੍ਰੀਤ ਦੀਆਂ ਵੀਡੀਉ ਦੇਖਕੇ ਸੰਤ ਜਸਦੀਪ ਸਿੰਘ ਜਗਾਧਰੀ ਬੜੇ ਪ੍ਰਭਾਵਿਤ ਹੋਏ ਨੂੰਰ ਦੇ ਘਰ ਦੇ ਹਲਾਤ ਦੇਖਕੇ ਬਾਬਾ ਜਸਜੀਤ ਸਿੰਘ ਨੇ ਨੂੰ ਦੇ ਪਰਿਵਾਰ ਨੂੰ ਨਵਾ ਘਰ ਬਣਾਕੇ ਦੇ ਦੇਣ ਦਾ ਵਾਅਦਾ ਕੀਤਾ ਸੀ। ਅੱਜ





ਬਾਬਾ ਜਸਦੀਪ ਸਿੰਘ ਵਲੋ ਨੂਰ ਦੇ ਬਣਾਏ ਜਾ ਰਹੇ ਨਵੇਂ ਘਰ ਦਾ ਨੀਂਹ ਪੱਥਰ ਰੱਖਿਆ।

ਮੁੱਖ ਮਹਿਮਾਨ ਦੇ ਤੋਰਤੇ ਪੁੱਜੇ ਜਿਲਾ ਪੁਲਿਸ ਮੁੱਖੀ ਹਰਮਨਵੀਰ ਸਿੰਘ ਗਿੱਲ ਨੇ ਆਪਣੇ ਹੱਥੀ ਇੱਟ ਲਗਾਕੇ ਨਵੇ ਘਰ ਦੀ ਸੁਰੂਆਤ ਕਰਵਾਈ। ਉਨ੍ਹਾ ਤੋਂ ਇਲਾਵਾ ਡੀ.ਐਸ.ਪੀ. ਸੁੱਖਜਿੰਦਰ ਸਿੰਘ, ਡੀ.ਐਸ.ਪੀ. ਗਗਨਦੀਪ ਸਿੰਘ, ਬਾਬਾ ਮਨਜਿੰਦਰ ਸਿੰਘ ਚੁੱਘਾਕਲਾ, ਸਮਾਜ ਸੇਵੀ ਅਨਮੋਲ ਕੁਵਾਤਰਾ, ਗੋਲਡੀ ਪੰਜਾਬ ਪੁਲਿਸ ਨੇ ਵੀ ਨਵੇਂ ਬਣਨ ਜਾ ਰਹੇ ਘਰ ਦੀ ਨੀਹ ਵਿੱਚ ਇੱਟਾ ਲਗਾਕੇ ਸੁਰੂਆਤ ਕਰਵਾਈ। ਸੁਭ ਕਾਰਜ ਕਰਨ ਤੇ ਬਾਬਾ ਜਸਜੀਤ ਸਿੰਘ ਜੀ ਨੂੰ ਵਧਾਈ ਦਿੱਤੀ। ਇਸ ਮੋਕੇ ਤੇ ਇਲਾਕੇ ਦੀ ਸਮਾਜ ਸੇਵੀ ਸਖਸ਼ੀਅਤ ਬਾਬਾ ਮਨਜਿੰਦਰ ਸਿੰਘ ਨੇ ਸੰਤ ਬਾਬਾ ਜਸਦੀਪ ਸਿੰਘ ਜੀ ਸਿਰੀ ਸਾਹਬ ਭੇਟ ਕਰਕੇ ਸਨਮਾਨ ਕੀਤਾ ਅਤੇ ਇਹ ਸੁਭ ਕਾਰਜ ਦੀ ਅਰੰਭਤਾ ਕਰਨ ਤੇ ਵਧਾਈ ਦਿੱਤੀ।

**ਕੀ ਕਹਿਣਾ ਹੈ ਜਿਲਾ ਪੁਲਿਸ ਮੁਖੀ ਦਾ:** Tik Tok ਸਟਾਰ ਨੂਰ ਪ੍ਰੀਤ ਦੇ ਨਵੇ ਘਰ ਦਾ ਨੀਹ ਪੱਥਰ ਰੱਖਣ ਪੁੱਜੇ ਜਿਲਾ ਪੁਲਿਸ ਮੁੱਖੀ ਹਰਮਵੀਰ ਸਿੰਘ ਗਿੱਲ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਮੈ ਸੰਤ ਬਾਬਾ ਜਸਦੀਪ ਸਿੰਘ ਜੀ ਜਗਾਧਰੀ ਵਾਲਿਆ ਦਾ ਸਮੁੱਚੀ ਪੰਜਾਬ ਪੁਲਿਸ ਵਲੋ ਧੰਨਵਾਦ ਕਰਦਾ ਹਾ ਜਿੰਨਾ ਨੇ ਹਰਿਆਣੇ ਤੋ ਆ ਕੇ ਨੂਰ ਦਾ ਘਰ ਬਣਾ ਕੇ ਦੇਣ ਦਾ ਸੋਚਿਆ। ਉਨਾ ਕਿਹਾ ਕਿ ਪੰਜਾਬ ਪੁਲਿਸ ਦੇ ਮੁਖੀ ਦਿਨਕਰ ਗੁਪਤਾ ਵਲੋ ਵੀ ਨੂਰ ਦੇ ਪਰਿਵਾਰ ਲਈ ਮੱਦਦ ਭੇਜੀ ਗਈ ਹੈ ਜੋ ਜਲਦੀ ਪਰਿਵਾਰ ਨੂੰ ਸੋਪੀ ਜਾਵੇਗੀ। ਇਥੇ ਹੀ ਬਸ ਨਹੀ ਕਿ ਨੂੰਰ ਦੇ ਪਰਿਵਾਰ ਦੀ ਗਰੀਬੀ ਨੂੰ ਦੇਖਦਿਆ ਪੁਲਿਸ ਮੁਖੀ ਸ੍ਰੀ ਦਿਨਕਰ ਗੁਪਤਾ ਜੀ ਵਲੋ ਨੂੰਰ ਦੇ ਪਿਤਾ ਨੂੰ ਪੰਜਾਬ ਪੁਲਿਸ ਵਿੱਚ ਯੋਗ ਅਹੁਦੇ ਦੀ ਸਰਕਾਰੀ ਨੋਕਰੀ ਦੇਣ ਦਾ ਵੀ ਐਲਾਨ ਕੀਤਾ।

**ਕੀ ਕਹਿਣਾ ਹੈ ਸੰਤ ਬਾਬਾ ਜਸਦੀਪ ਸਿੰਘ ਜੀ ਦਾ:** ਨੰਨੀ ਬੱਚੀ ਨੂੰਰ ਦੀ ਠਕਿ ਠੋਕ ਤੇ ਪਾਈਆਂ ਵੀਡੀਓ ਦੇਖਕੇ ਪ੍ਰਭਾਵਿਤ ਹੋਏ ਸੰਤ ਜਸਦੀਪ ਸਿੰਘ ਜਗਧਾਰੀ ਵਾਲੇ ਨੂੰਰ ਦੀ ਮੱਦਦ ਕਰਨ ਲਈ ਅੱਗੇ ਆਏ ਸਨ ਜਿੰਨਾ ਵਲੋ ਅੱਜ ਜਿਲਾ ਪੁਲਿਸ ਮੁਖੀ ਹਰਮਨਵੀਰ ਸਿੰਘ ਗਿੱਲ ਦੀ ਅਗਵਾਈ ਹੇਠ ਨੂੰਰ ਦੇ ਨਵੇ ਘਰ ਦੀ ਨੀਹ ਰੱਖਲੇ ਸੁਰੁਆਤ ਕੀਤੀ ਗਈ। ਇਸ ਮੌਕੇ ਤੇ ਸੰਤ ਬਾਬਾ ਜਸਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਮੁੱਖੀ ਨੇ ਕਰਕਮਲਾ ਨਾਲ ਨੀਹ ਰੱਖਕੇ ਨਵਾ ਘਰ ਬਣਾਉਣ ਦੀ ਸੁਰੂ ਕਰਵਾਈ ਹੈ। ਇਸ ਮੋਕੇ ਉਨਾ ਦੱਸਿਆ ਕਿ ਬੱਚੀ ਨੂੰਰ ਨੂੰ ਦੋ ਮੰਜਿਲਾ ਮਕਾਨ ਤਿਆਰ ਕਰਕੇ ਦਿੱਤਾ ਜਾਵੇਗਾ ਜਿਸ ਉੱਪਰ 10 ਲੱਖ ਤੋ ਉੱਪਰ ਰੁਪਏ ਖਰਚ ਆਉਣਗੇ। ਉਨਾ ਕਿਹਾ ਕਿ ਨੂੰਰ ਦਾ ਘਰ ਬਨਾਉਣ ਤੇ ਬਾਅਦ ਨੂੰਰ ਦੀ ਟੀਮ ਦੇ ਦੂਸਰੇ ਮੈਂਬਰਾ ਵਾਰੇ ਵੀ ਵਿਚਾਰਿਆ ਜਾਵੇ।

# ਗੁਰਦੁਆਰਾ ਨਾਨਕਸਰ ਠਾਠ ਦੇਵੀ ਵਾਲਾ ਵਿਖੇ ਢਾਡੀ ਸਾਧੂ ਸਿੰਘ ਧੰਮੂ ਦਾ ਫਰਿਜ਼ ਨਾਲ ਵਿਸ਼ੇਸ਼ ਸਨਮਾਨ

ਸਮਾਲਸਰ/ ਸੁਖਦੀਪ ਸਿੰਘ ਸੋਨਾ, ਸ਼ਮਿੰਦਰ ਸਿੰਘ ਸੇਖਾ



ਗੁਰਦੁਆਰਾ ਨਾਨਕਸਰ ਠਾਠ ਦੇਵੀ ਵਾਲਾ ਮੁੱਖ ਸੇਵਾਦਾਰ ਬਾਬਾ ਇੰਦਰਪਾਲ ਸਿੰਘ ਜੀ ਨੇ ਅੰਤਰਰਾਸ਼ਟਰੀ ਢਾਡੀ ਗਿਆਨੀ ਸਾਧੂ ਸਿੰਘ ਧੰਮੂ ਧੂੜਕੋਟ ਵਾਲਿਆਂ ਦੀਆਂ ਧਾਰਮਿਕ ਅਤੇ ਸਮਾਜਿਕ ਸੇਵਾਵਾਂ ਨੂੰ ਦੇਖਦਿਆਂ ਵਧੀਆ ਕੰਪਨੀ ਦੀ ਫਰਿਜ਼ ਨਾਲ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਵਿਚਾਰ ਕਰਦਿਆਂ ਬਾਬਾ ਇੰਦਰਪਾਲ ਸਿੰਘ ਜੀ ਨੇ ਕਿਹਾ ਕਿ ਭਾਈ ਸਾਧੂ ਸਿੰਘ ਧੰਮੂ ਜੀ ਜਿੱਥੇ ਵਧੀਆ ਢਾਡੀ ਹੋਣ ਦੇ ਨਾਲ ਨਾਲ ਗੁਰੂ ਕੇ ਕੀਰਤਨੀਏ, ਪਾਠੀ ਦੀਆਂ ਸੇਵਾਵਾਂ ਨਿਭਾਉਂਦੇ ਹਨ ਉੱਥੇ ਉਨ੍ਹਾਂ ਦਾ ਹਰੇਕ ਧਾਰਮਿਕ ਤੇ ਸਮਾਜਿਕ ਸੰਘਰਸ਼ ਵਿੱਚ ਵੀ ਬਹੁਤ ਯੋਗਦਾਨ ਹੈ। ਅਸੀਂ ਉਨ੍ਹਾਂ ਦੀਆਂ ਸੇਵਾਵਾਂ ਦੀ ਕੀਮਤ ਤਾਂ ਨਹੀਂ ਦੇ ਸਕਦੇ ਐਪਰ ਉਨ੍ਹਾਂ ਦੇ ਗੁਣਾਂ ਦੀ ਕਦਰ ਕਰਨੀ ਸਾਡਾ ਜ਼ਰੂਰੀ ਫਰਜ਼ ਹੈ। ਇਸ ਲਈ ਉਹਨਾਂ ਦੇ ਸਤਿਕਾਰ ਵਿੱਚ ਇਹ ਸਨਮਾਨ ਕਰਕੇ ਅਸੀਂ ਖੁਸ਼ੀ ਮਹਿਸੂਸ ਕਰਦੇ ਹਾਂ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਢਾਡੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਮੁਖੀ ਢਾਢੀ ਸਾਧੂ ਸਿੰਘ ਧੰਮੂ ਜੀ ਨੇ ਕਿਹਾ ਕਿ ਮੇਰੇ ਵਿੱਚ ਤਾਂ ਕੋਈ ਗੁਣ ਨਹੀਂ ਇਹ ਸਭ ਵਾਹਿਗੁਰੂ ਦੀ ਕਿਰਪਾ ਹੈ। ਢਾਡੀ ਸਾਧੂ ਸਿੰਘ ਨੇ ਕਿਹਾ ਭਾਵੇਂ ਵਾਹਿਗੁਰੂ ਦੀ ਕਿਰਪਾ ਸਦਕਾ ਪਹਿਲਾਂ ਵੀ ਬਹੁਤ ਮਾਣ ਸਨਮਾਨ ਮਿਲੇ ਹਨ। ਪਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਗੁਰਦੁਆਰਾ ਨਾਨਕਸਰ ਠਾਠ ਦੇਵੀ ਵਾਲਾ ਵਿਖੇ ਮਿਲਿਆ ਮਾਣ ਸਨਮਾਨ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਰਹੇਗਾ। ਏਸ ਮੌਕੇ ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਗੋਬਿੰਦ ਸਮਾਲਸਰ, ਢਾਡੀ ਮਹਿੰਦਰ ਸਿੰਘ ਮਿਹਨਤੀ, ਅਸਥਾਨ ਦੇ ਗ੍ਰੰਥੀ ਸੇਵਾਦਾਰ ਅਤੇ ਸੰਗਤਾਂ ਹਾਜ਼ਰ ਸਨ।